# ਚੰਗਾ ਰਾਜਾ ਯੋਸੀਯਾਹ ਨੇ ਪਰਮੇਸ਼ੁਰ ਦੇ ਵਚਨ ਦੀ ਆਗਿਆ ਮੰਨੀ

**ਪ੍ਰਾਰਥਨਾ:** ''ਪਿਆਰੇ ਪ੍ਰਭੂ, ਕਿਰਪਾ ਕਰਕੇ ਬੱਚਿਆ ਨੂੰ ਆਪਣੇ ਵਚਨ ਉੱਤੇ ਭਰੋਸਾ ਕਰਨ ਅਤੇ ਇਸਦਾ ਸਤਿਕਾਰ ਕਰਨ ਵਿੱਚ ਮਦਦ ਕਰ।''

ਅਜਿਹੀਆ ਸਿੱਖਣ ਵਾਲੀਆ ਗਤੀਵਿਧੀਆਂ ਚੁਣੋ, ਜਿਹੜੀਆ ਬੱਚਿਆ ਦੀਆਂ ਉਮਰਾਂ, ਅਤੇ ਆਤਮਿਕ ਸਤਰ ਲਈ ਢੁੱਕਵੀਆਂ ਹੋਣ।

ਮੁੱਡੇ ਰਾਜਾ ਯੋਸੀਯਾਹ ਦੀ ਕਹਾਣੀ ਸਿਖਾਉਣ ਦੀ ਤਿਆਰੀ ਕਰਨ। ਦੂਜਾ ਇਤਹਾਸ **34:1-2** ਅਤੇ **29-33** ਪੜ੍ਹੋ। ਇਹ ਵਚਨ ਤੁਹਾਨੂੰ ਦੱਸਦਾ ਹੈ ਕਿ ਪਵਿੱਤਰ ਵਚਨ ਦੀ ਆਗਿਆ ਮੰਨਣਾ ਕਿੰਨਾ ਵਡਮੁੱਲਾ ਹੈ।



ਵੱਡੇ ਬੱਚਿਆਂ ਨੂੰ ਇਸ ਕਹਾਣੀ ਨੂੰ ਯਾਦ ਕਰਕੇ ਪੜ੍ਹਨ ਜਾਂ ਸੁਣਾਉਣ ਦਿਓ। ਫਿਰ ਇਹ ਪ੍ਰਸ਼ਨ ਪੁੱਛੋ। (*ਹਰ ਪ੍ਰਸ਼ਨ ਦਾ ਉੱਤਰ ਉਸਦੇ ਅੱਗੇ ਦਿੱਤਾ ਹੋਇਆ ਹੈ।*)

- ਯੋਸੀਯਾਹ ਰਾਜੇ ਨੇ ਝੂਠੇ ਦੇਵਤਿਆਂ ਦੀਆਂ ਮੂਰਤੀਆਂ ਅਤੇ ਜਗਵੇਦੀਆਂ ਨਾਲ ਕੀ ਕੀਤਾ? (*ਆਇਤਾਂ 3-4 ਵੇਖੋ*)
- ਜਾਜਕ ਹਿਲਕੀਯਾਹ ਨੂੰ ਬਿਵਸਥਾ ਦੀ ਪੋਥੀ ਕਿੱਥੋਂ ਲੱਭੀ? (*ਆਇਤ 15*)
- ਜਦੋਂ ਰਾਜੇ ਨੇ ਪਰਮੇਸ਼ੁਰ ਦਾ ਵਚਨ ਪੜ੍ਹਿਆ ਅਤੇ ਜਾਣਿਆ ਕਿ ਉਸਦੇ ਲੋਕਾਂ ਨੇ ਇਸ ਦੀ ਉਲੰਘਣਾ ਕੀਤੀ ਹੈ, ਤਾਂ ਰਾਜੇ ਨੇ ਆਪਣਾ ਦੁੱਖ ਵਿਖਾਉਣ ਲਈ ਕੀ ਕੀਤਾ? (*ਆਇਤ 19*)
- ਪਰਮੇਸ਼ੁਰ ਦਾ ਵਚਨ ਸੁਣਨ ਤੋਂ ਬਾਅਦ ਲੋਕ ਇੱਕਠੇ ਮਿਲਕੇ ਕੀ ਕਰਨ ਲਈ ਸਹਿਮਤ ਹੋਏ? (*ਆਇਤ 32*)
- ਪਰਮੇਸ਼ੁਰ ਦੇ ਵਚਨ ਦੀ ਆਗਿਆ ਮੰਨਣ ਲਈ ਕੀ ਲੋਕਾਂ ਨੇ ਆਪਣੇ ਰਾਜੇ ਦੀ ਓਦਾਹਰਣ ਦੀ ਪਾਲਨਾ ਕੀਤੀ? (*ਆਇਤ 33 ਵੇਖੋ*)

ਗਤੀਵਿਧੀਆਂ :

- ਛੋਟੇ ਬੱਚਿਆਂ ਲਈ : ਬਾਈਬਲ ਨੂੰ ਕਿਤੇ ਲੁਕਾ ਦਿਓ ਅਤੇ ਇਸਨੂੰ ਬੱਚਿਆਂ ਨੂੰ ਖੁੱਦ ਲੱਭਣ ਦਿਓ। ਫਿਰ ਉਨ੍ਹਾਂ ਨੂੰ ਦੱਸੋ ਕਿ ਜਦੋਂ ਯੋਸੀਯਾਹ ਰਾਜਾ ਸੀ ਤਦ ਵੀ ਇਵੇਂ ਹੀ ਹੋਇਆ ਸੀ।
- ਵੱਡੇ ਬੱਚਿਆ ਲਈ (ਜੇਕਰ ਉਨ੍ਹਾਂ ਕੋਲ ਬਾਈਬਲਾਂ ਹਨ) : ਕੋਈ ਪੁਸਤਕ, ਅਧਿਆਏ ਅਤੇ ਬਾਈਬਲ ਦੇ ਕੁੱਝ ਹਿੱਸੇ ਕੱਢਣ ਲਈ ਕਹੋ ਅਤੇ ਉਨ੍ਹਾਂ ਨੂੰ ਫਿਰ ਜਿੰਨੀ ਛੇਤੀ ਹੋ ਸਕੇ ਬਾਈਬਲ ਵਿੱਚੋਂ ਲੱਭਣ ਲਈ ਕਹੋ। ਇਹ ਉਨ੍ਹਾਂ ਨੂੰ ਸਿੱਖਣ ਵਿੱਚ ਮਦਦ ਕਰੇਗਾ ਕਿ ਬਾਈਬਲ ਵਿੱਚੋਂ ਗੱਲਾਂ ਕਿੱਵੇਂ ਲੱਭਣੀਆਂ ਹਨ।
  ਰਾਜਾ ਯੋਸੀਯਾਹ ਦੀ ਕਹਾਣੀ ਦੇ ਹਿੱਸਿਆਂ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ।

- ਮੁੱਖ ਮੰਡਲੀ ਦੇ ਅਰਾਧਨਾ ਕਰਨ ਵਾਲੇ ਆਗੂਆਂ ਨਾਲ ਮਿਲਕੇ ਬੱਚਿਆਂ ਲਈ ਇਹ ਨਾਟਕ ਕਰਨ ਦਾ ਪ੍ਰਬੰਧ ਕਰੋ।
- ਵੱਡੇ ਬੱਚਿਆਂ ਨੂੰ ਛੋਟੇ ਬੱਚਿਆਂ ਦੀ ਤਿਆਰੀ ਕਰਨ ਵਿੱਚ ਮਦਦ ਕਰਨ ਦਿਓ।
- **ਵੱਡੇ ਬੱਚਿਆਂ** ਨੂੰ ਜਾਂ ਬਾਲਗਾਂ ਨੂੰ ਯੋਸੀਯਾਹ, ਹਿਲਕੀਯਾਹ ਅਤੇ ਕਥਾਵਾਚਕ ਦਾ ਕਿਰਦਾਰ ਅਦਾ ਕਰਨ ਦਿਓ, ਜਿਹੜਾ ਕਹਾਣੀ ਦਾ ਖੁਲਾਸਾ ਕਰਦਾ ਹੈ ਅਤੇ ਬੱਚਿਆਂ ਨੂੰ ਯਾਦ ਕਰਨ ਵਿੱਚ ਮਦਦ ਕਰਦਾ ਹੈ, ਜੋ ਉਨ੍ਹਾਂ ਕਹਿਣਾ ਅਤੇ ਕਰਨਾ ਹੈ।
- **ਛੋਟੇ ਬੱਚਿਆਂ** ਨੂੰ ਟਹਿਲੂਆਂ ਅਤੇ ਲੋਕਾਂ ਦਾ ਕਿਰਦਾਰ ਅਦਾ ਕਰਨ ਦਿਓ। ਟਹਿਲੂਆਂ ਕੋਲ ਮੇਜ਼ ਜਾਂ ਕੁਰਸੀ ਉੱਤੇ ਪਏ ਕਾਗਜਾਂ ਹੇਠਾਂ ਪੁਸਤਕ ਛੁਪਾਈ ਹੋਵੇ। ਲੋਕਾਂ ਕੋਲ ਜਗਦੇਵੀਆਂ ਲਈ ਪੱਥਰਾਂ ਦਾ ਢੇਰ, ਸਿੱਖਿਆਂ ਲਈ ਛੋਟੇ ਪੱਥਰ, ਅਤੇ ਇਕ ਛੋਟਾ ਬਕਸਾ ਹੋਵੇ।

**ਕਥਾਵਾਚਕ** : 2 ਇਤਹਾਸ 34:1-21 ਵਿੱਚੋਂ ਕਹਾਣੀ ਦਾ ਪਹਿਲਾ ਹਿੱਸਾ ਦੱਸੇ। ਫਿਰ ਕਹੋ, "ਸੁਣੋ ਰਾਜਾ ਯੋਸੀਯਾਹ ਲੋਕਾਂ ਨੂੰ ਕੀ ਕਹਿੰਦਾ ਹੈ।"

**ਯੋਸੀਯਾਹ:** "ਇਸਰਾਏਲ ਦੇ ਲੋਕੋ ਅਸੀਂ ਆਪਣੀਆਂ ਮੂਰਤੀਆਂ ਨਾਲ ਪਰਮੇਸ਼ੁਰ ਨੂੰ ਕ੍ਰੋਧ ਦਿਵਾਇਆ ਹੈ। ਆਓ ਇੰਨ੍ਹਾਂ ਨੂੰ ਨਾਸ ਕਰ ਦੇਈਏ!"

**ਲੋਕ:** ਜਗਦੇਵੀਆਂ ਦੇ ਪੱਥਰਾਂ ਤੇ ਸੱਟ ਮਾਰਨ।

**ਯੋਸੀਯਾਹ:** "ਸਾਨੂੰ ਪਰਮੇਸ਼ੁਰ ਦੇ ਭਵਨ ਦੀ ਮੁਰੰਮਤ ਕਰਨੀ ਚਾਹੀਦੀ ਹੈ। ਇੰਨੇ ਵੱਡੇ ਕੰਮ ਲਈ ਕੌਣ ਪੈਸਾ ਦੇਵੇਗਾ?"

**ਲੋਕ:** ਬਕਸੇ ਵਿੱਚ "ਸਿੱਕੇ" ਪਾਉਂਦੇ ਹਨ। ਇਹ ਕਹਿੰਦੇ ਰਹਿਣ, "ਅਸੀਂ ਆਪਣਾ ਦਾਨ ਭਵਨ ਦੀ ਮੁਰੰਮਤ ਲਈ ਦੇਂਦੇ ਹਾਂ!"

**ਟਹਿਲੂਏ:** ਧਨ ਨੂੰ ਲੈਣ ਅਤੇ ਭਵਨ ਬਣਾਉਣ ਦਾ ਦਿਖਾਵਾ ਕਰਨ। ਪੁਸਤਕ ਲੱਭ ਕੇ ਹਿਲਕੀਯਾਹ ਨੂੰ ਦੇਣ।

**ਹਿਲਕੀਯਾਹ:** "ਰਾਜਾ ਯੋਸੀਯਾਹ, ਵੇਖ! ਅਸੀਂ ਭਵਨ ਵਿੱਚੋਂ ਕੀ ਲੱਭਿਆ ਹੈ? ਇਹ ਪਰਮੇਸ਼ੁਰ ਦੀ ਬਿਵਸਥਾ ਹੈ। ਪਰ ਅਸੀਂ ਉਹ ਨਹੀਂ ਕੀਤਾ ਜੋ ਇਹ ਕਹਿੰਦੀ ਹੈ। ਅਸੀਂ ਪਰਮੇਸ਼ੁਰ ਦੀ ਅਣਆਗਿਆਕਾਰੀ ਕੀਤੀ ਹੈ!"

**ਰਾਜਾ:** ਕੁਝ ਪਲ ਪੁਸਤਕ ਵੱਲ ਵੇਖੇ। ਫਿਰ ਕਹੇ, "ਸਾਰੇ ਲੋਕਾਂ ਨੂੰ ਇਕੱਠਿਆਂ ਕਰੋ! ਉਨ੍ਹਾਂ ਨੂੰ ਸੁਣਨਾ ਚਾਹੀਦਾ ਹੈ ਪਰਮੇਸ਼ੁਰ ਕੀ ਕਹਿੰਦਾ ਹੈ। ਸਾਨੂੰ ਉਸਦੀ ਬਿਵਸਥਾ ਪ੍ਰਤੀ ਸਾਡੀ ਅਣਆਗਿਆਕਾਰੀ ਤੋਂ ਮਾਫ਼ੀ ਮੰਗਣ ਦੀ ਲੋੜ ਹੈ!"

**ਲੋਕ:** "ਤੂੰ ਚੰਗਾ ਰਾਜਾ ਹੈਂ! ਅਸੀਂ ਤੇਰੀ ਗੱਲ ਮੰਨਾਂਗੇ!"

**ਵੱਡੇ ਬੱਚੇ ਜਾਂ ਬਾਲਗ:** ਜਦੋਂ ਨਾਟਕ ਖ਼ਤਮ ਹੋ ਜਾਂਦਾ ਹੈ, ਉਹ ਹਰ ਇਕ ਦਾ ਧੰਨਵਾਦ ਕਰਨ, ਜਿਨ੍ਹਾਂ ਉਨ੍ਹਾਂ ਦੀ ਮਦਦ ਕੀਤੀ ਹੈ।

**ਪ੍ਰਸ਼ਨ:** ਜੇਕਰ ਬੱਚੇ, ਬਾਲਗਾਂ ਲਈ ਇਸ ਕਹਾਣੀ ਬਾਰੇ ਨਾਟਕ ਪੇਸ਼ ਕਰਦੇ ਹਨ, ਉਨ੍ਹਾਂ ਨੂੰ ਵੀ ਬਾਲਗਾਂ ਕੋਲੋਂ ਉੱਪਰ ਦਿੱਤੀ ਗਈ ਸੂਚੀ ਵਿੱਚੋਂ ਪ੍ਰਸ਼ਨ ਪੁੱਛਣ ਦਿਓ।

ਬਾਈਬਲ ਦਾ **ਚਿੱਤਰ ਬਣਾਓ** ਅਤੇ ਬੱਚਿਆਂ ਨੂੰ ਇਸ ਦੀ ਨਕਲ ਕਰਨ ਦਿਓ। ਵੱਡੇ ਬੱਚੇ, ਇਕ ਅਜਿਹੇ ਬੱਚੇ ਦਾ ਚਿੱਤਰ ਬਣਾ ਸਕਦੇ ਹਨ, ਜਿਸਨੇ ਬਾਈਬਲ ਨੂੰ ਆਪਣੇ ਸੀਨੇ ਨਾਲ ਲਾਇਆ ਹੋਇਆ ਹੈ।



- ਬੱਚਿਆਂ ਨੂੰ ਉਨ੍ਹਾਂ ਦੁਆਰਾ ਬਣਾਏ ਗਏ ਚਿੱਤਰਾਂ ਨੂੰ ਅਰਾਧਨਾ ਦੇ ਸਮੇਂ ਦੌਰਾਨ ਬਾਲਗਾਂ ਨੂੰ ਵਿਖਾਉਣ ਦਿਓ।
- ਬੱਚਿਆਂ ਨੂੰ ਦੱਸਣ ਦਿਓ ਕਿ ਕਿਵੇਂ ਇਹ ਚਿੱਤਰ ਇਸ ਗੱਲ ਦੀ ਉਦਾਹਰਣ ਹੈ ਕਿ ਉਹ ਪਰਮੇਸ਼ੁਰ ਦੇ ਵਚਨ ਨੂੰ ਕਿੰਨਾ ਪਿਆਰ ਕਰਦੇ ਅਤੇ ਹਰ ਸਮੇਂ ਇਸ ਬਾਰੇ ਸੋਚਦੇ ਹਨ।

**ਬੱਚਿਆਂ ਨੂੰ ਹੋਰ ਉਦਾਹਰਣਾਂ ਵੀ ਦੱਸਣ ਦਿਓ** ਕਿ ਕਿਵੇਂ ਪਰਮੇਸ਼ੁਰ ਆਪਣੇ ਲੋਕਾਂ ਦੀ ਅਗਵਾਈ ਕਰਨ ਲਈ ਆਪਣੇ ਵਚਨ ਦਾ ਪ੍ਰਯੋਗ ਕਰਦਾ ਹੈ।

ਕਵਿਤਾ: ਸਾਰੇ ਬੱਚਿਆਂ ਵਿੱਚੋਂ ਹਰ ਇਕ ਜਣੇ ਨੂੰ ਜਬੂਰਾਂ ਦੀ ਪੋਥੀ 119:1-2 ਅਤੇ 9:11 ਵਿੱਚੋਂ ਇਕ ਜਾਂ ਦੋ ਆਇਤਾਂ ਪੜ੍ਹਨ ਦਿਓ।

**ਵੱਡੇ ਬੱਚਿਆਂ** ਨੂੰ ਇਸ ਵਿਸ਼ੇ ਤੇ ਕਿ ਪਰਮੇਸ਼ੁਰ ਦਾ ਵਚਨ ਕਿਸ ਢੰਗ ਨਾਲ ਸਾਡੀ ਮਦਦ ਕਰਦਾ ਹੈ, ਗੀਤ ਜਾਂ ਕਵਿਤਾ ਲਿਖਣ ਦਿਓ।

ਛੋਟੇ ਬੱਚਿਆਂ ਨੂੰ 2 ਤਿਮੋਥਿਉਸ 3:16 ਅਤੇ ਵੱਡੇ ਬੱਚਿਆਂ ਨੂੰ 2 ਤਿਮੋਥਿਉਸ 3:16-17 **ਯਾਦ ਕਰਨ ਦਿਓ**।

**ਪ੍ਰਾਰਥਨਾ**: "ਪਿਤਾ ਪਰਮੇਸ਼ੁਰ, ਤੇਰਾ ਵਚਨ ਸਾਡੀ ਅਗਵਾਈ ਕਰਦਾ ਅਤੇ ਸਾਨੂੰ ਤਸੱਲੀ ਦੇਂਦਾ ਹੈ। ਆਪਣੇ ਵਚਨਾਂ ਨੂੰ ਸਮਝਣ ਵਿੱਚ ਸਾਡੀ ਮਦਦ ਕਰ ਤਾਂ ਜੋ ਅਸੀਂ ਉਨ੍ਹਾਂ ਦੀ ਪਾਲਣਾ ਕਰ ਸਕੀਏ ਅਤੇ ਉਨ੍ਹਾਂ ਵਿੱਚ ਅਨੰਦ ਮਾਣ ਸਕੀਏ।"



Copyright 2004 © by Paul-Timothy. May be freely copied. Download from www.Paul-Timothy.net